7.11.99.

ਵਿਚਾਰ-ਚਰਚਾ

ਗੁਰਸ਼ਰਨ ਸਿੰਘ

# ਸਮਾਜਿਕ ਬਰਾਬਰੀ ਦਾ ਸਾਹਿਤ

ਅੱਜ ਤੋਂ 6 ਮਹੀਨੇ ਪਹਿਲੇ ਜਦੋਂ ਅਸੀਂ ਕੁਝ ਲੇਖਕਾਂ ਨੇ ਚਿੰਤਕ ਮੰਚ ਦੀ ਸਥਾਪਨਾ ਕੀਤੀ ਤਾਂ ਉਹਦਾ ਇਕ ਨੁਕਾਤੀ ਪ੍ਰੋਗਰਾਮ ਸੀ ਕਿ ਲੋਕਾਂ ਨੂੰ ਸਮਾਜਕ ਬਰਾਬਰੀ ਲਈ ਚੇਤਨ ਕਰਨਾ ਹੈ। ਇਸ ਸੰਦਰਭ ਵਿਚ ਮੰਚ ਦੀ ਸਥਾਪਨਾ ਵੇਲੇ ਜੋ ਕੁਝ ਉਦੇਸ਼ ਮਿੱਥੇ ਗਏ ਸਨ ਉਹਨਾਂ ਵਿਚੋਂ ਇਕ ਸੀ ਕਿ ਲੋਕ-ਪੱਖੀ ਸਾਹਿਤ ਨੂੰ ਪ੍ਰਚਾਰਨਾ, ਪ੍ਰਸਾਰਨਾ, ਲੋਕ ਬੋਲੀ ਵਿਚ ਸਾਹਿਤ ਲਿਖਣ ਲਈ ਪ੍ਰੇਰਿਤ ਕਰਨਾ ਅਤੇ ਉਹਨਾਂ ਰਚਨਾਵਾਂ ਉੱਪਰ ਚਰਚਾ ਕਰਵਾਉਣੀ ਆਦਿ। ਉਸੇ ਲੜੀ ਵਿਚ ਹੀ ਇਕ ਲੋਕ ਪੱਖੀ ਕਹਾਣੀਆਂ ਦੀ ਪਹਿਲੀ ਪੁਸਤਕ ਦੀ ਸੰਪਾਦਨਾ ਦੀ ਯੋਜਨਾ ਬਣੀ। ਹੁਣ ਇਹ ਕਿਤਾਬ ਪਹਿਲੀ ਨਵੰਬਰ, 1999 ਡਾ. ਸ਼ਿਆਮ ਸੁੰਦਰ ਦੀਪਤੀ ਦੀ ਸੰਪਦਨਾ ਥੱਲੇ ਪਾਠਕਾਂ ਤੱਕ ਪੁਚਾ ਦਿੱਤੀ ਗਈ ਹੈ। ਇਹਦੀ ਪ੍ਰਕਾਸ਼ਨਾ ਦੀ ਜ਼ਿੰਮੇਵਾਰੀ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਨੇ ਨਿਭਾਈ ਹੈ। ਡਾ. ਦੀਪਤੀ ਨੇ ਇਹਦੇ ਬਾਰੇ ਦੋ ਸ਼ਬਦ ਲਿਖੇ ਹਨ ਜੋ ਇੱਥੇ ਪੇਸ਼ ਕੀਤੇ ਜਾ ਰਹੇ ਹਨ। ਇਸ ਕਮਾਲ ਦੇ ਕਹਾਣੀ ਸੰਗ੍ਰਹਿ ਵਿਚ ਕਹਾਣੀਆਂ ਦੀ ਚੋਣ ਪਿੱਛੇ ਮੰਤਵ ਬਿਲਕੁਲ ਸਾਫ਼ ਤੇ ਸਪੱਸ਼ਟ ਹੈ। ਕਹਾਣੀਆਂ ਦੀ ਚੋਣ ਪ੍ਰਿੰ: ਸੰਤ ਸਿੰਘ ਸੇਖੋਂ ਅਤੇ ਸੁਜਾਨ ਸਿੰਘ ਵਰਗੇ ਮੋਢੀ ਕਹਾਣੀਕਾਰਾਂ ਤੋਂ ਸ਼ੁਰੂ ਕੀਤੀ ਗਈ ਹੈ ਪਰ ਉਹ ਸੰਦਰਭ ਅੱਜ ਬਦਲੇ ਨਹੀਂ। ਜਿਹਨਾਂ ਲੋਕਾਂ ਦੀਆਂ ਗੱਲਾਂ ਇਹ ਕਹਾਣੀਆਂ ਕਰਦੀਆਂ ਹਨ, ਜਿਹਨਾਂ ਮਸਲਿਆਂ ਨੂੰ ਇਹ ਕਹਾਣੀਆਂ ਆਪਣਾ ਕੇਂਦਰ ਬਿੰਦੂ ਬਣਾਉਂਦੀਆਂ ਹਨ ਉਹ ਮਸਲੇ ਅੱਜ ਵੀ ਸਾਡੇ ਆਲੇ-ਦੁਆਲੇ ਵੈਸੇ ਹੀ ਹਨ। ਇਹ ਕਹਾਣੀਆਂ ਇਸ ਲਈ ਵੀ ਲੋਕ ਪੱਖੀ ਹਨ ਕਿ ਇਹ ਆਮ ਬੋਲੀ ਵਿਚ ਸਭ ਨੂੰ ਸਮਝ ਆਉਣ ਵਾਲੀ ਭਾਸ਼ਾ ਵਿਚ ਗੱਲ ਕਰਦੀਆਂ ਹਨ। ਇਹ ਵੀ ਨਹੀਂ ਕਿ ਇਹ ਸਤਹੀ ਕਹਾਣੀਆਂ ਹਨ। ਇਹ ਸਾਦ-ਮੁਰਾਦੀ ਭਾਸ਼ਾ ਵਿਚ ਗੱਲ ਕਰਦੀਆਂ ਲੋਕਾਂ ਦੇ ਮਨਾਂ ਦੀ ਗੱਲ ਕਰ ਜਾਂਦੀਆਂ ਹਨ।

ਸੰਤ ਸਿੰਘ ਸੇਖੋਂ ਦੀ ਕਹਾਣੀ 'ਮੀਂਹ ਜਾਵੇ ਅਨ੍ਹੇਰੀ ਜਾਵੇ' ਇਕ ਛੋਟੇ ਕਿਸਾਨ ਦੀ ਕਹਾਣੀ ਹੈ, ਜਿਸ ਵਿਚ ਮੰਗਲ ਸਿੰਘ ਨੂੰ ਆਪਣੀ ਮਾਂ ਅਤੇ ਪਤਨੀ ਬਸੰਤੀ ਨੂੰ ਪਿੰਡ ਇਕੱਲ ਛੱਡ ਮਜਬੂਰੀ ਵੱਸ ਫੌਜ ਵਿਚ ਭਰਤੀ ਹੋਣਾ ਪੈਂਦਾ ਹੈ। ਆਰਥਿਕ ਤੰਗੀ ਵਿਚੋਂ ਉਪਜੀ ਇਹ ਸਥਿਤੀ ਬਸੰਤੀ ਨੂੰ ਲੰਬੜ ਦੀਆਂ ਮਾੜੀਆਂ ਭਾਵਨਾਵਾਂ ਦਾ ਸ਼ਿਕਾਰ ਹੋਣ ਲਈ ਮਜਬੂਰ ਕਰਦੀ ਹੈ, ਭਾਵੇਂ ਬਸੰਤੀ ਆਖਰ ਤੱਕ ਦ੍ਰਿੜ ਇਰਾਦੇ ਵਾਲੀ ਰਹਿੰਦੀ ਹੈ ਤੇ ਮੰਗਲ ਸਿੰਘ ਨੂੰ ਫੌਜ ਤੋਂ ਛੁੱਟੀ ਆਉਣ ਵੇਲੇ ਨਾਲ ਲੈ ਜਾਣ ਲਈ ਤਰਲੇ ਕਰਦੀ ਹੈ। ਸੇਖੋਂ ਦੀ ਇਸ ਕਹਾਣੀ ਵਿਚ ਵਾਰਤਾਲਾਪ ਦੀ ਸ਼ੈਲੀ ਇਸ ਨੂੰ ਕਲਾਸਕੀ ਦਰਜਾ ਦੇਂਦੀ ਹੈ।

ਪ੍ਰਿੰ: ਸੁਜਾਨ ਸਿੰਘ ਦੀ ਪ੍ਰਸਿੱਧ ਕਹਾਣੀ 'ਕੁਲਫ਼ੀ' ਵਿਚ ਇਸ ਸੰਗ੍ਰਹਿ ਵਿਚ ਹਾਜ਼ਰ ਹੈ। ਇਹ ਆਰਥਕ ਮੰਦਹਾਲੀ ਵਿਚੋਂ ਪੈਦਾ ਹੋਈ ਮਨੋਵਿਗਿਆਨਕ ਕਹਾਣੀ ਹੈ। ਕਹਾਣੀ ਦਾ ਨਾਇਕ ਬੱਚਾ ਜਦੋਂ ਕੁਲਫ਼ੀ ਖਾਣ ਲਈ ਮਾਂ-ਪਿਓ ਦੇ ਟਾਲ-ਮਟੋਲ ਵਤੀਰੇ ਨੂੰ ਕਈ ਦਿਨ ਦੇਖਦਾ ਹੈ ਤਾਂ ਇਕ ਦਿਨ ਉਹ ਆਪਣੇ ਦਰਵਾਜ਼ੇ ਮੂਹਰੇ ਕੁਲਫ਼ੀ ਖਾ ਰਹੇ ਸ਼ਾਹ ਜੀ ਦੇ ਮੁੰਡੇ ਨੂੰ ਧੁੱਸ ਕੇ ਪੈਂਦਾ ਹੈ, ਉਸਦਾ ਅਚੇਤ ਮਨ ਇਸ ਨਾਬਰਾਬਰੀ ਨੂੰ ਬਰਦਾਸ਼ਤ ਨਹੀਂ ਕਰਦਾ।

ਸੁਖਵੰਤ ਕੌਰ ਮਾਨ ਦੀ ਕਹਾਣੀ 'ਚੋਰ' ਖੇਤਾਂ ਵਿਚ ਕੰਮ ਕਰਦਿਆਂ ਉਹਨਾਂ ਕਾਮਿਆਂ ਦੀ ਕਹਾਣੀ ਹੈ, ਜੋ ਤਿੱਖੀ ਦੁਪਹਿਰ ਵਿਚ ਕਣਕ ਦੀ ਵਾਢੀ ਕਰਨ ਜਾਂਦੇ ਹਨ ਜਿੱਥੇ ਪੀਣ ਨੂੰ ਪਾਣੀ ਨਹੀਂ ਤੇ ਸਰਦਾਰਾਂ ਦਾ ਦਿਲ ਕਰਦਾ ਹੈ ਕਿ ਉਹ ਇਕ ਮਿੰਟ ਵੀ ਨਾ ਰੁਕਣ। ਨਾ ਸੌਣ, ਨਾ ਖਾਣ-ਪੀਣ ਤਾਂ ਜੋ ਉਹਨਾਂ ਦੀ ਫ਼ਸਲ ਸਾਂਭੀ ਜਾਏ। ਸਾਲ ਭਰ ਲਈ ਦਾਣੇ ਸਾਂਭਣ ਨੂੰ ਘਰ ਦਾ ਸਾਰਾ ਟੱਬਰ, ਔਰਤ, ਧੀਆਂ ਪੁੱਤ ਇੱਥੋਂ ਤੱਕ ਕਿ ਕੁੱਛੜ ਵਾਲੀ ਬੀ ਵੀ ਸਿਖਰ ਦੁਪਹਿਰੇ ਕਿਸੇ ਬ੍ਰਿਛ ਦੇ ਟਾਹਣ ਨਾਲ ਕੱਪੜੇ ਦਾ ਝੂਟਾ ਬਣਾ ਕੇ ਟੰਗੀ ਰਹਿੰਦੀ ਹੈ, ਬਿਨਾ ਕਿਸੇ ਦੁੱਧ ਪਾਣੀ ਦੇ। ਔਰਤ ਤਾਂ ਇਸ ਕੰਮ ਨੂੰ ਇਮਾਨਦਾਰੀ ਨਾਲ ਕਰਦੀ ਰਹਿੰਦੀ ਹੈ, ਸਗੋਂ ਕੁਲਫ਼ੀਆਂ ਵੇਚਣ ਵਾਲਾ ਬੱਚਿਆਂ ਦੀ ਮਨੋਦਸ਼ਾ ਸਮਝਦਾ ਹੋਇਆ ਸਭ ਨੂੰ ਇਕ-ਇਕ ਕੁਲਫ਼ੀ ਫੜਾ ਦਿੰਦਾ ਹੈ ਤੇ ਦੋ ਭਰੀਆਂ ਕਣਕ ਦੀਆਂ ਲੈ ਕੇ ਰਫੂ ਚੱਕਰ ਹੁੰਦਾ ਹੈ। ਖੇਤ ਕਾਮਿਆਂ ਦੀ ਮਾਨਸਿਕਤਾ ਬਾਰੇ ਇਹ ਇਕ ਬਹੁਤ ਹੀ ਚੋਣਵੀਂ ਕਹਾਣੀ ਹੈ।

ਨਵਤੇਜ ਦੀ ਕਹਾਣੀ 'ਬਸ਼ੀਰਾ' ਉਸ ਬੱਚੇ ਦੀ ਬਾਤ ਪਾਉਂਦੀ ਹੈ ਜੋ ਸਮਰਥਾਵਾਨ ਹੈ ਪਰ ਸਹੂਲਤਾਂ ਤੋਂ ਸੱਖਣਾ ਹੈ। ਜਿਸਦੀ ਫੁੱਟਬਾਲ ਦੀ ਕਿੱਕ ਦੂਰ-ਦੂਰ ਧੁਮਾਂ ਪਾਉਣ ਵਾਲੀ ਹੈ, ਪਰ ਘਰ ਦੀ ਮੰਦੀ ਹਾਲਤ ਕਰਕੇ ਉਸ ਨੂੰ ਮੱਝਾਂ ਚੁਰਾਉਣ ਜਾਣਾ ਪੈਂਦਾ ਹੈ। ਉਸਦੀ ਸਮਰਥਾ ਮਿੱਟੀ ਵਿਚ ਮਿਲ ਜਾਂਦੀ ਹੈ। ਇਹੀ ਹਾਲ ਬਰਾਬਰ ਮੌਕੇ ਨਾ ਮਿਲਣ ਕਰਕੇ ਕਿੰਨੇ ਹੀ ਪ੍ਰਤਿਭਾਵਾਨ ਵਿਦਿਆਰਥੀ ਆਪਣੇ ਖੇਤਰ ਵਿਚ ਪਿੱਛੇ ਰਹਿ ਜਾਂਦੇ ਹਨ। ਕਹਾਣੀ ਪੜ੍ਹਦੇ 'ਮੇਰੀ ਧਰਤੀ ਮੇਰੇ ਲੋਕ' ਦਾ ਨਵਤੇਜ ਵਾਰ-ਵਾਰ ਯਾਦ ਆਉਂਦਾ ਹੈ। ਉਹ ਕਿਉਂ ਏਨੀ ਛੇਤੀ ਸਾਨੂੰ ਛੱਡ ਗਿਆ? ਬਚਿੰਤ ਕੌਰ ਦੀ ਕਹਾਣੀ 'ਮੁਕਲਾਵੇ ਵਾਲੀ ਰਾਤ' ਵੀ ਇਸ ਸੰਗ੍ਰਹਿ ਵਿਚ ਸ਼ਾਮਲ ਹੈ। ਇਸ ਕਹਾਣੀ ਵਿਚਲੀ ਬੀਬੋ ਮੁਕਲਾਵੇ ਵਾਲੀ ਰਾਤ ਨੂੰ ਇਸੇ ਲਈ ਲੰਬੜ ਦੀ ਹਵਸ਼ ਦਾ ਸ਼ਿਕਾਰ ਹੋਣਾ ਪੈਂਦਾ ਹੈ ਕਿਉਂਕਿ ਰੁਲਦੂ (ਬੀਬੋ ਦਾ ਸਹੁਰਾ) ਮਜ਼ਬੀ ਹੈ ਅਤੇ ਲੰਬੜ ਦਾ ਸੀਰੀ ਹੈ। ਲੰਬੜ ਦਾ ਵਤੀਰਾ ਕਿ ਪਹਿਲਾ ਹਿੱਸਾ ਮੇਰਾ ਹੀ ਹੋਣਾ ਹੈ, ਰੁਲਦੂ ਨੇ ਮੇਰੇ ਮਗਰੋਂ ਹੀ ਖਾਣਾ ਹੈ। ਸੀਰੀ ਨੂੰ ਬਾਅਦ ਵਿਚ ਹੀ ਮਿਲਣਾ ਹੈ। ਇਹ ਨਾ-ਬਰਾਬਰੀ ਵਾਲਾ ਸੰਕਲਪ ਇਸ ਪਵਿੱਤਰ ਬੰਧਨ ਨੂੰ ਵੀ ਆ ਲਪੇਟਦਾ ਹੈ।

ਇਸੇ ਸੰਗ੍ਰਹਿ ਵਿਚ ਸੰਤੋਖ ਸਿੰਘ ਧੀਰ ਦੀ ਕਹਾਣੀ 'ਕੋਈ ਇਕ ਸਵਾਰ' ਟਾਂਗੇ ਵਾਲੇ ਬਾਰੂ ਦੀ ਆਰਥਕ ਤੰਗੀ ਵਿਚਲੀ ਕਹਾਣੀ ਹੈ, ਉਥੇ ਉਹ ਮਨੁੱਖ ਦੇ ਨਿਰੰਤਰ ਸੰਘਰਸ਼ ਦੀ ਵੀ ਗਾਥਾ ਹੈ। ਰਾਮ ਸਰੂਪ ਅਣਖੀ ਦੀ ਕਹਾਣੀ 'ਖਾਰਾ ਦੁੱਧ' ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਤੂੜੀ ਦੀ ਪੰਡ', ਡਾ. ਦੀਪਤੀ ਦੀ 'ਚੱਕਰਵਿਊ', ਵਰਿਆਮ ਸਿੰਘ ਸੰਧੂ ਦੀ 'ਆਪਣਾ-ਆਪਣਾ ਹਿੱਸਾ', ਗੁਰਬਚਨ ਸਿੰਘ ਭੁੱਲਰ ਦੀ 'ਇੱਕੀਵੀਂ ਸਦੀ', ਮੁਖਤਿਆਰ ਸਿੰਘ ਦੀ 'ਨੀਂਹ', ਮੋਹਣ ਭੰਡਾਰੀ ਦੀ 'ਘੋਟਣਾ'। ਇਹ ਕਹਾਣੀਆਂ ਇਸ ਪਾਸੇ ਸਾਡੇ ਆਲੇ-ਦੁਆਲੇ ਦੀਆਂ, ਸਾਡੀਆਂ ਆਪਣੀਆਂ ਮਨੋਵਿਰਤੀ ਦੀਆਂ ਬਾਤ ਪਾਉਂਦੀਆਂ ਹਨ, ਦੂਸਰੇ ਇਹ ਕਹਾਣੀਆਂ ਸਾਨੂੰ ਉਹ ਰਾਹ ਵੀ ਦਿਖਾਉਂਦੀਆਂ ਹਨ ਕਿ ਇਹਨਾਂ ਮਸਲਿਆਂ ਦਾ ਹੱਲ ਕਿਥੇ ਲੁਕਿਆ ਪਿਆ ਹੈ। ਇਹ ਕਹਾਣੀਆਂ ਸਾਡੇ ਜੀਵਨ ਦੇ ਮਾਨਸਕ ਵਿਚਾਰਾਂ ਦਾ ਸਮਾਜਕ ਚਿਕਤਸਾ ਸ਼ਾਸਤਰ ਵੀ ਪੇਸ਼ ਕਰਦੀਆਂ ਹਨ। ਕਲਾ ਵਿਚ ਸਮਾਜਵਾਦੀ ਯਥਾਰਥਵਾਦ ਦਾ ਇਹ ਉਤਮ ਨਮੂਨਾ ਹਨ। 20ਵੀਂ ਸਦੀ ਕੌਮਾਂ ਦੀ ਆਜ਼ਾਦੀ ਦੀ ਸਦੀ ਸੀ। 21ਵੀਂ ਸਦੀ ਮਨੁੱਖ ਦੀ ਬਰਾਬਰੀ ਦੀ ਪ੍ਰਾਪਤੀ ਦੀ ਸਦੀ ਹੋਵੇਗੀ। ਆਦਿ ਮਨੁੱਖ ਤੋਂ ਲੈ ਕੇ ਹੁਣ ਤੱਕ ਮਨੁੱਖ ਨੇ ਆਜ਼ਾਦੀ ਅਤੇ ਬਰਾਬਰੀ ਨੂੰ ਲੋਚਿਆ ਹੈ। ਵਿਗਿਆਨ ਨੇ ਹੁਣ ਇਹ ਸਾਧਨ ਮੁਹੱਈਆ ਕੀਤੇ ਹਨ ਕਿ ਮਨੁੱਖ ਦੀ ਇਹ ਲੋਚਨਾ ਪੂਰੀ ਹੋਵੇ। ਸਾਹਿਤ ਨੇ ਇਹਦੇ ਲਈ ਇਕ ਚੁਣੌਤੀ ਭਰੀ ਭੂਮਿਕਾ ਨਿਭਾਉਣੀ ਹੈ। ਇਹ ਕਹਾਣੀ ਸੰਗ੍ਰਹਿ (ਕੀਮਤ 20 ਰੁਪਏ) ਇਸੇ ਦਿਸ਼ਾ ਵਿਚ ਇਕ ਕਦਮ ਹੈ। ਇਸ ਨੂੰ ਜੀ ਆਇਆਂ ਨੂੰ ਆਖਣਾ ਬਣਦਾ ਹੈ।